# 11
# ਪਵਿੱਤਰ ਆਤਮਾ ਅਤੇ ਬਪਤਿਸਮਾ

*''ਕਿਉਂ ਜੋ ਅਸਾਂ ਸਭਨਾਂ ਨੂੰ, ਕੀ ਯਹੂਦੀ, ਕੀ ਯੂਨਾਨੀ, ਕੀ ਗ਼ੁਲਾਮ, ਕੀ ਅਜ਼ਾਦ, ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇਕ ਆਤਮਾ ਪਿਆਇਆ ਗਿਆ'' (1 ਕੁਰਿੰਥੀਆਂ 12:13)।*

ਯੂਹੰਨਾ 3:3-5 ਦੀ ਚਰਚਾ ਦੌਰਾਨ ਅਸੀਂ ''ਯਿਸੂ ਨੇ ਬਪਤਿਸਮੇ ਬਾਰੇ ਸਿਖਾਇਆ'' ਪਾਠ ਵਿਚ ਨਵੇਂ ਜਨਮ ਵਿਚ ਪਵਿੱਤਰ ਆਤਮਾ ਦਾ ਕੰਮ ਵੇਖਿਆ ਸੀ। ਹੁਣ ਅਸੀਂ ਬਪਤਿਸਮੇ ਨਾਲ ਪਵਿੱਤਰ ਆਤਮਾ ਦੇ ਦਾਨ ਦਾ ਅਧਿਐਨ ਕਰਾਂਗੇ।

ਬਪਤਿਸਮੇ ਵਿਚ ਜਲ ਅਤੇ ਆਤਮਾ ਨਾਲ ਜਨਮ ਲਿਆ ਜਾਂਦਾ ਹੈ (ਯੂਹੰਨਾ 3:5)। ਮਰ ਕੇ ਪਾਪ ਤੋਂ ਅਜ਼ਾਦ ਹੋਣ ਵਾਲਾ ਵਿਅਕਤੀ ਨਵੀਂ ਜ਼ਿੰਦਗੀ ਜਿਉਣ ਲਈ ਆਉਂਦਾ ਹੈ (ਰੋਮੀਆਂ 6:4-7) ਅਤੇ ਯਿਸੂ ਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਭਾਗ ਲੈਣ ਕਾਰਣ (ਕੁਲੁੱਸੀਆਂ 2:12, 13) ਉਸ ਨੂੰ ਮਾਫ਼ ਕੀਤਾ ਜਾਂਦਾ ਹੈ (ਰਸੂਲਾਂ ਦੇ ਕੰਮ 2:38)। ਰਸੂਲਾਂ ਦੇ ਕੰਮ ਕਿਤਾਬ ਵਿਚ ਦੁਨੀਆਂ ਭਰ ਵਿਚ ਖੁਸ਼ਖਬਰੀ ਸੁਣਾਏ ਜਾਣ ਦੇ ਸ਼ੁਰੂ ਵਿਚ ਹੀ ਬਪਤਿਸਮੇ ਦੀਆਂ ਕਾਫ਼ੀ ਉਦਾਹਰਣਾਂ ਦਿੱਤੀਆਂ ਗਈਆਂ ਹਨ (ਰਸੂਲਾਂ ਦੇ ਕੰਮ 2:38-47; 8:12, 35-39; ਆਦਿ)।

ਬਪਤਿਸਮਾ ਲੈਣ ਵਾਲਾ ਆਪਣੇ ਵਿਸ਼ਵਾਸ ਅਤੇ ਮਨ ਨਾਲ ਹੁਕਮ ਮੰਨਣ ਵਾਲਾ ਹੋਣ ਕਾਰਣ (ਰੋਮੀਆਂ 6:4, 17, 18; ਗਲਾਤੀਆਂ 3:26, 27; ਕੁਲੁੱਸੀਆਂ 2:12, 13)। ਮਸੀਹ ਵਿਚ ਨਵੀਂ ਸਰਿਸ਼ਟ (2 ਕੁਰਿੰਥੀਆਂ 5:17; ਗਲਾਤੀਆਂ 6:15) ਅਤੇ ਪ੍ਰਮੇਸ਼ਵਰ ਦੀ ਸੰਤਾਨ ਬਣ ਜਾਂਦਾ ਹੈ। ਯਿਸੂ ਵਿਚ ਵਿਸ਼ਵਾਸ ਕਰਨ ਕਰਕੇ ਉਹਦੇ ਪਾਪ ਧੋਤੇ ਗਏ ਹਨ, ਉਹਦਾ ਨਵਾਂ ਜਨਮ ਹੋਇਆ ਹੈ, ਉਹ ਪ੍ਰਮੇਸ਼ਵਰ ਦੀ ਸੰਤਾਨ ਬਣ ਗਿਆ ਹੈ ਅਤੇ ਉਸ ਨੂੰ ਪਵਿੱਤਰ ਆਤਮਾ ਦਿੱਤਾ ਗਿਆ ਹੈ। ਯੂਹੰਨਾ ਨੇ ਲਿਖਿਆ ਹੈ, ''ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ'' (ਯੂਹੰਨਾ 7:39)। ਇਹ ਵੀ ਲਿਖਿਆ ਹੈ, ''ਅਸੀਂ ਇਨ੍ਹਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤਰ ਆਤਮਾ ਵੀ ਜੋ ਪ੍ਰਮੇਸ਼ਵਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ'' (ਰਸੂਲਾਂ ਦੇ ਕੰਮ 5:32; ਤੁਲਨਾ 1 ਥੱਸਲੁੱਨੀਕੀਆਂ 4:8)। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਪਹਿਲੀ ਵਾਰ ਖੁਸ਼ਖ਼ਬਰੀ ਸੁਣਨ ਵਾਲਿਆਂ ਨੂੰ ਕਿਹਾ ਸੀ, ''ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ

ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)। ਪੌਲੁਸ ਨੇ ਲਿਖਿਆ, ''ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪ੍ਰਮੇਸ਼ਵਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿਚ ਘੱਲ ਦਿੱਤਾ ਜਿਹੜਾ 'ਅੱਬਾ', ਅਰਥਾਤ 'ਹੇ ਪਿਤਾ' ਪੁਕਾਰਦਾ ਹੈ'' (ਗਲਾਤੀਆਂ 4:6)।

''ਆਤਮਾ ਆਪ ਸਾਡੀ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਕਿ ਅਸੀਂ ਪ੍ਰਮੇਸ਼ਵਰ ਦੇ ਬਾਲਕ ਹਾਂ'' (ਰੋਮੀਆਂ 8:16)। ਉਹ ਸਾਡੀ ਆਤਮਾ ਦੀ ਗਵਾਹੀ ਨਹੀਂ ਦਿੰਦਾ ਕਿ ਅਸੀਂ ਪ੍ਰਮੇਸ਼ਵਰ ਦੀ ਸੰਤਾਨ ਹਾਂ ਸਗੋਂ ਸਾਡੀ ਆਤਮਾ ਦੇ *ਨਾਲ* ਮਿਲ ਕੇ ਗਵਾਹੀ ਦਿੰਦਾ ਹੈ ਕਿ ਅਸੀਂ ਪ੍ਰਮੇਸ਼ਵਰ ਦੀ ਸੰਤਾਨ ਹਾਂ, ਜਿਹਦਾ ਮਤਲਬ ਇਹ ਹੈ ਕਿ ''ਹੇ ਸਾਡੇ ਪਿਤਾ'' ਕਹਿਣ ਵੇਲੇ ਉਹ ਸਾਡੇ ਨਾਲ ਗਵਾਹੀ ਦੇ ਸਕਦਾ ਹੈ ਕਿ ਪ੍ਰਮੇਸ਼ਵਰ ਸੱਚਮੁੱਚ ਸਾਡਾ ਪਿਤਾ ਹੈ।

ਪ੍ਰਮੇਸ਼ਵਰ ਦੀ ਸੰਤਾਨ ਉੱਤੇ ਇਕ ਨਿਸ਼ਾਨ ਦੇ ਤੌਰ ਤੇ ਕਿ ਉਨ੍ਹਾਂ ਦਾ ਸਬੰਧ ਪ੍ਰਮੇਸ਼ਵਰ ਨਾਲ ਹੈ, ਪਵਿੱਤਰ ਆਤਮਾ ਦੇ ਦਾਨ ਦੀ ਮੋਹਰ ਕੀਤੀ ਜਾਂਦੀ ਹੈ। ਪੌਲੁਸ ਨੇ ਲਿਖਿਆ ਹੈ, ''ਜਿਹੜਾ ਸਾਨੂੰ ਤੁਹਾਡੇ ਨਾਲ ਮਸੀਹ ਵਿਚ ਕਾਇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਥਾਪਿਆ ਉਹ ਪ੍ਰਮੇਸ਼ਵਰ ਹੈ। ਉਹ ਨੇ ਸਾਡੇ ਉੱਤੇ ਮੋਹਰ ਵੀ ਲਾਈ ਅਤੇ ਸਾਡਿਆਂ ਮਨਾਂ ਵਿਚ ਸਾਨੂੰ ਆਤਮਾ ਦੀ ਸਾਈ ਦਿੱਤੀ'' (2 ਕੁਰਿੰਥੀਆਂ 1:21, 22), ਅਤੇ ''ਉਸ ਵਿਚ ਜਿਸ ਵੇਲੇ ਤੁਸਾਂ ਸਚਿਆਈ ਦਾ ਵਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ਖਬਰੀ ਸੁਣੀ ਅਤੇ ਉਸ ਵਿਚ ਨਿਹਚਾ ਵੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ। ਇਹ ਪ੍ਰਮੇਸ਼ਵਰ ਦੇ ਨਿੱਜ ਦਿਆਂ ਲੋਕਾਂ ਦੇ ਨਿਸਤਾਰੇ ਦੇ ਅਧਿਕਾਰ ਦੀ ਸਾਈ ਹੈ ...'' (ਅਫ਼ਸੀਆਂ 1:13, 14)।

ਆਤਮਾ ਪ੍ਰਮੇਸ਼ਵਰ ਦੀ ਸੰਤਾਨ ਤੇ ਇਹ ਮੋਹਰ ਲਾਉਣ ਲਈ ਦਿੱਤਾ ਜਾਂਦਾ ਹੈ ਕਿ ਉਹ ਉਹਦੇ ਹਨ (ਗਲਾਤੀਆਂ 4:6), ਨਾ ਕਿ ਉਨ੍ਹਾਂ ਨੂੰ ਸੰਤਾਨ ਬਣਾਉਣ ਲਈ। ''ਜਿਹ ਦੇ ਵਿਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਉਹਦਾ ਨਹੀਂ ਹੈ'' (ਰੋਮੀਆਂ 8:9)।

ਇਕ ਆਮ ਨਿਯਮ ਬਣ ਜਾਂਦਾ ਹੈ ਕਿ ਸੰਸਾਰ ਦੇ ਗੁਆਚੇ ਹੋਏ ਲੋਕਾਂ ਨੂੰ ਪਵਿੱਤਰ ਆਤਮਾ ਨਹੀਂ ਮਿਲ ਸਕਦਾ (ਯੂਹੰਨਾ 14:17), ਸਗੋਂ ਉਹ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਜੋ ਵਿਸ਼ਵਾਸ ਕਰਕੇ ਹੁਕਮ ਮੰਨਦੇ ਹਨ ਅਰਥਾਤ ਉਨ੍ਹਾਂ ਜੋ ਪ੍ਰਮੇਸ਼ਵਰ ਦੀ ਸੰਤਾਨ ਹਨ।

## ਪਵਿੱਤਰ ਆਤਮਾ ਦਾ ਦਾਨ

''ਪਵਿੱਤਰ ਆਤਮਾ ਦਾ ਦਾਨ'' ਜੋ ਪ੍ਰਮੇਸ਼ਵਰ ਦੀ ਸੰਤਾਨ ਨੂੰ ਦਿੱਤਾ ਜਾਂਦਾ ਹੈ, ਅਚੰਭੇ ਕਰਨ ਵਾਲੀ ਆਤਮਾ ਦੀ ਚਮਤਕਾਰੀ ਸ਼ਕਤੀ ਦਾ ਦਾਨ *ਨਹੀਂ* ਸਗੋਂ ਆਤਮਾ ਦਾ ਵਾਸ ਹੈ (1 ਕੁਰਿੰਥੀਆਂ 6:19, 20; 2 ਤਿਮੋਥਿਉਸ 1:14)। ਆਤਮਾ ਦੇ ਵਾਸ ਦਾ ਦਾਨ ਮਸੀਹੀ ਵਿਅਕਤੀ ਨੂੰ ਮਸੀਹੀ ਜੀਵਨ ਜੀਉਣ ਲਈ ਸਮਰੱਥਾ ਦਿੰਦਾ ਹੈ (ਅਫ਼ਸੀਆਂ 3:16)। ਆਤਮਾ ਦੇ ਸਮਰੱਥਾ ਵਾਲੇ ਦਾਨ ਨਾਲੋਂ ਇਸ ਦਾਨ ਨੂੰ ਪਾਉਣ ਵਾਲਿਆਂ ਨੂੰ ਨਿਸ਼ਾਨ ਅਤੇ ਅਚੰਭੇ ਕੰਮ ਕਰਨ ਦੀ ਸ਼ਕਤੀ ਮਿਲੀ ਸੀ (ਇਬਰਾਨੀਆਂ 2:3, 4)।

ਰਸੂਲਾਂ ਦੇ ਕੰਮ 8:12-17 ਇਸ ਨਿਯਮ ਦਾ ਅਪਵਾਦ ਨਹੀਂ ਹੈ:

> ... ਜਾਂ ਰਸੂਲਾਂ ਨੇ ਜਿਹੜੇ ਯਰੂਸ਼ਲਮ ਵਿਚ ਸਨ ਇਹ ਸੁਣਿਆ ਕਿ ਸਾਮਰੀਆਂ ਨੇ ਪ੍ਰਮੇਸ਼ਵਰ ਦਾ ਵਚਨ ਮੰਨ ਲਿਆ ਹੈ ਤਾਂ ਪਤਰਸ ਅਤੇ ਯੂਹੰਨਾ ਨੂੰ ਉਨ੍ਹਾਂ ਦੇ ਕੋਲ

ਘੱਲਿਆ। ਉਨ੍ਹਾਂ ਜਾ ਕੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ ਕਿ ਉਹ ਪਵਿੱਤਰ ਆਤਮਾ ਪਾਉਣ। ਕਿਉਂ ਜੋ ਉਹ ਅਜੇ ਤੀਕੁਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉੱਤਰਿਆ ਸੀ ਪਰ ਉਨ੍ਹਾਂ ਨਿਰਾ ਪ੍ਰਭੂ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ। ਤਦ ਇਨ੍ਹਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ ।

ਜਦ ਸਾਮਰੀਆ ਦੇ ਲੋਕਾਂ ਨੇ ਬਪਤਿਸਮਾ ਲਿਆ ਸੀ ਤਾਂ ਉਨ੍ਹਾਂ ਨੂੰ ਸਧਾਰਣ ਨਿਯਮ ਮੁਤਾਬਕ ਪ੍ਰਮੇਸ਼ਵਰ ਦੀ ਸੰਤਾਨ ਹੋਣ ਕਰਕੇ ਪਵਿੱਤਰ ਆਤਮਾ ਦਾ ਵਾਸ ਮਿਲਿਆ ਸੀ; ਉਨ੍ਹਾਂ ਨੂੰ ਆਤਮਾ ਦੀ ਸ਼ਕਤੀ ਓਸੇ ਵੇਲੇ ਨਹੀਂ ਮਿਲ ਗਈ ਸੀ। ਉਹ ਬਾਅਦ ਵਿਚ, ਉਨ੍ਹਾਂ ਉੱਤੇ ਰਸੂਲਾਂ ਦੇ ਹੱਥ ਰੱਖਣ ਨਾਲ ਦਿੱਤੀ ਗਈ ਸੀ (ਤੁਲਨਾ ਰਸੂਲਾਂ ਦੇ ਕੰਮ 19:5, 6)।

ਤਿਮੋਥਿਉਸ ਨੂੰ ਪੌਲੁਸ ਦੇ ਹੱਥ ''ਰੱਖਣ ਨਾਲ'' ਜਾਂ ''ਦੇ ਰਾਹੀਂ'' (*dia,* ਇਕ ਯੂਨਾਨੀ ਉਪਸਰਗ ਜਿਹਨੂੰ ਸਬੰਧਕਾਰਕ ਨਾਲ ਵਰਤਣ ਤੇ ਇਹਦਾ ਅਰਥ *ਸਾਧਕ ਦਾ ਜ਼ਰੀਆ* ਜਿਹਦੇ ਰਾਹੀਂ ਕੋਈ ਕਾਰਜ ਕਾਰਦਾ ਹੈ) ਦਾਨ ਮਿਲਿਆ ਸੀ (2 ਤਿਮੋਥਿਉਸ 1:6)। ਬਹੁਤ ਸੰਭਾਵਨਾ ਹੈ ਕਿ ਇਹ ਉਹੀ ਦਾਨ ਸੀ ਜਿਹੜਾ ਐਲਡਰਾਂ [ਪ੍ਰੈਸਬਿਟਰੀ] ਦੇ ਹੱਥ ਰੱਖਣ ''ਨਾਲ'' (*meta,* ਇਕ ਉਪਸਰਗ ਜਿਹਦਾ ਸਬੰਧ ਕਾਰਕ ਨਾਲ ਅਰਥ ''ਦੇ ਨਾਲ'' ਹੋ ਜਾਂਦਾ ਹੈ) ਮਿਲਿਆ ਸੀ (1 ਤਿਮੋਥਿਉਸ 4:14)। ਪੌਲੁਸ ਨੇ ਇਹ ਵਿਆਖਿਆ ਕਰਨ ਕਰਕੇ ਕਿ ਤਿਮੋਥਿਉਸ ਨੂੰ ਇਹ ਦਾਨ ਕਿਵੇਂ ਮਿਲਿਆ, ਸਪਸ਼ਟ ਤੌਰ ਤੇ ਦੋ ਵੱਖੋ ਵੱਖ ਉਪਸਰਗਾਂ ਦੀ ਵਰਤੋਂ ਕੀਤੀ ਹੈ। ਯਿਸੂ ਨੇ ਪੌਲੁਸ ਦੇ ਹੱਥ ਰੱਖਣ *ਰਾਹੀਂ* ਅਤੇ ਐਲਡਰਾਂ ਦੇ ਹੱਥ ਰੱਖਣ ਨਾਲ ਤਿਮੋਥਿਉਸ ਨੂੰ ਦਾਨ ਦਿੱਤਾ ਸੀ। ਪੌਲੁਸ ਦੇ ਹੱਥ ਉਹ ਜ਼ਰੀਆ ਸਨ ਜਿਨ੍ਹਾਂ ਦੇ ਰਾਹੀਂ ਦਾਨ ਦਿੱਤਾ ਸੀ ਅਤੇ ਪੌਲੁਸ ਦੇ ਨਾਲ ਨਾਲ ਐਲਡਰਾਂ ਨੇ ਵੀ ਤਿਮੋਥਿਉਸ ਨੂੰ ਦਾਨ ਵਰਤਣ ਲਈ ਠਹਿਰਾਉਣ ਵਾਸਤੇ ਉਹਦੇ ਤੇ ਹੱਥ ਰੱਖੇ ਸਨ।

## ਗ਼ੈਰ ਕੌਮਾਂ ਵਿੱਚੋਂ ਬਣਨ ਵਾਲੇ ਸਭ ਤੋਂ ਪਹਿਲੇ ਮਸੀਹੀ

ਰਸੂਲਾਂ ਦੇ ਕੰਮ 10 ਅਤੇ 11 ਵਿਚ ਸਾਨੂੰ ਗ਼ੈਰ ਕੌਮਾਂ ਵਿੱਚੋਂ ਸਭ ਤੋਂ ਪਹਿਲੀ ਮਨਬਦਲੀ ਵਿਚ ਸਧਾਰਣ ਨਿਯਮ ਦਾ ਇਕ ਅਪਵਾਦ ਮਿਲਦਾ ਹੈ। ਕਿਸੇ ਗੱਲ ਨੂੰ ਸਾਬਤ ਕਰਨ ਲਈ ਬਹੁਤ ਸਾਰੇ ਅਪਵਾਦ ਜ਼ਰੂਰੀ ਹੁੰਦੇ ਹਨ। ਯਿਸੂ ਦੇ ਮੋਅਜਜ਼ਿਆਂ ਉੱਤੇ ਵੀ ਇਹੀ ਗੱਲ ਲਾਗੂ ਹੁੰਦੀ ਸੀ। ਜੇ ਉਹਨੇ ਸਿਰਫ਼ ਉਹੀ ਕੰਮ ਕੀਤੇ ਹੁੰਦੇ ਜੋ ਆਮ ਆਦਮੀ ਕਰ ਸਕਦਾ ਹੈ ਤਾਂ ਇਹ ਸਾਬਤ ਨਹੀਂ ਹੋ ਸਕਦਾ ਸੀ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ। ਉਹ ਕੰਮ ਕਰਕੇ ਜਿਹਨੂੰ ਮਨੁੱਖ ਆਪਣੇ ਸੁਭਾਵਕ ਗੁਣਾਂ ਨਾਲ ਨਹੀਂ ਕਰ ਸਕਦਾ ਸੀ ਯਾਨੀ ਜੋ ਕੁਦਰਤੀ ਪ੍ਰਕ੍ਰਿਆਵਾਂ ਦਾ ਅਪਵਾਦ ਹੈ, ਉਹਨੇ ਆਪਣੇ ਆਪ ਨੂੰ ਪ੍ਰਮੇਸ਼ਵਰ ਦਾ ਪੁੱਤਰ ਸਾਬਤ ਕੀਤਾ (ਯੂਹੰਨਾ 20:30, 31; ਰਸੂਲਾਂ ਦੇ ਕੰਮ 2:22)।

ਇਕ ਅਪਵਾਦ ਵਰਤ ਕੇ ਪ੍ਰਮੇਸ਼ਵਰ ਨੇ ਸਾਬਤ ਕੀਤਾ ਕਿ ਉਹ ਬਚਾਏ ਜਾਣ ਲਈ ਗੈਰ ਕੌਮਾਂ ਨੂੰ ਕਿਵੇਂ ਕਬੂਲ ਕਰੇਗਾ ਅਤੇ ਉਨ੍ਹਾਂ ਨੂੰ ਅਬਰਾਹਾਮ ਦੀ ਸੰਤਾਨ ਵਾਂਗ ਹੀ ਬਣਾ ਦੇਵੇਗਾ, ਜੋ ਇਕ ਅਜਿਹੀ ਹਕੀਕਤ ਸੀ ਜਿਹਨੂੰ ਕਬੂਲ ਕਰਨਾ ਯਹੂਦੀਆਂ ਲਈ ਔਖਾ ਸੀ। ਆਮ ਢੰਗ ਨਾਲ ਅਰਥਾਤ ਬਪਤਿਸਮੇ ਦੇ ਬਾਅਦ ਰਸੂਲਾਂ ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦੇਣ ਦੀ ਸ਼ਕਤੀ ਦੇਣਾ ਯਹੂਦੀ ਮਸੀਹੀਆਂ ਲਈ ਇਸ ਗੱਲ ਲਈ ਕਾਫ਼ੀ ਸਬੂਤ ਨਹੀਂ ਸੀ ਕਿ ਪਾਪਾਂ

ਦੀ ਮਾਫ਼ੀ ਪਾ ਕੇ ਗੈਰ ਕੌਮਾਂ ਨੂੰ ਯਹੂਦੀ ਮਸੀਹੀਆਂ ਵਾਂਗ ਹੀ ਮਸੀਹੀ ਸਮਾਜ ਵਿਚ ਬਰਾਬਰ ਦਰਜਾ ਦਿੱਤਾ ਜਾਵੇ। ਪ੍ਰਮੇਸ਼ਵਰ ਦੇ ਅਪਵਾਦ ਦੇ ਬਿਨਾਂ, ਗੈਰ ਕੌਮਾਂ ਵਿੱਚੋਂ ਆਉਣ ਵਾਲੇ ਮਸੀਹੀਆਂ ਨੂੰ ਕਬੂਲ ਕਰਨ ਦੀ ਗੱਲ ਸਿਰਫ਼ ਰਸੂਲਾਂ ਦੀ ਮੰਜ਼ੂਰੀ ਨਾਲ ਹੀ ਹੋਣੀ ਸੀ। ਸ਼ੁਰੂ ਵਿਚ ਯਹੂਦੀਆਂ ਨੂੰ ਦੇਣ ਵਾਂਗ, ਗੈਰ ਕੌਮਾਂ ਨੂੰ ਸਿੱਧੇ ਅਤੇ ਬਗੈਰ ਕਿਸੇ ਵਿਚੋਲੇ ਦੇ ਪਵਿੱਤਰ ਆਤਮਾ ਦੇ ਕੇ ਪ੍ਰਮੇਸ਼ਵਰ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਗੈਰ ਕੌਮਾਂ ਦੇ ਲੋਕ ਵੀ ਬਚਾਏ ਜਾ ਸਕਦੇ ਹਨ ਅਤੇ ਉਹ ਵੀ ਪ੍ਰਮੇਸ਼ਵਰ ਦੀ ਸੰਤਾਨ ਵਾਂਗ ਹੀ ਹਨ। ਅਜਿਹਾ ਕਰਕੇ ਪ੍ਰਮੇਸ਼ਵਰ ਇਹ ਸਾਬਤ ਕਰ ਰਿਹਾ ਸੀ ਕਿ ਇਹ ਪਤਰਸ ਦੀ ਨਹੀਂ ਸਗੋਂ ਉਹਦੀ ਆਪਣੀ ਇੱਛਾ ਸੀ।

ਯਰੂਸ਼ਲਮ ਦੀ ਕਲੀਸੀਆ ਵੱਲੋਂ ਉਠਾਏ ਗਏ ਇਤਰਾਜ਼ਾਂ ਦਾ ਜਵਾਬ ਦਿੰਦਿਆਂ (ਰਸੂਲਾਂ ਦੇ ਕੰਮ 11:3), ਪਤਰਸ ਨੇ ਬੜੇ ਇਖ਼ਤਿਆਰ ਨਾਲ ਸਵਾਲ ਪੁੱਛਿਆ ਸੀ, ''ਫਿਰ ਮੈਂ ਕੌਣ ਸਾਂ ਜੋ ਪ੍ਰਮੇਸ਼ਵਰ ਨੂੰ ਰੋਕ ਸਕਦਾ?'' (ਰਸੂਲਾਂ ਦੇ ਕੰਮ 11:17)। ਬਾਅਦ ਵਿਚ ਉਹਨੇ ਕਿਹਾ, ''... ਪ੍ਰਮੇਸ਼ਵਰ ਨੇ ਤੁਹਾਡੇ ਵਿੱਚੋਂ ਮੈਨੂੰ ਚੁਣਿਆ ਜੋ ਪਰਾਈਆਂ ਕੌਮਾਂ ਮੇਰੀ ਜ਼ਬਾਨੀ ਖ਼ੁਸ਼ਖ਼ਬਰੀ ਦਾ ਵਚਨ ਸੁਣਨ ਅਤੇ ਨਿਹਚਾ ਕਰਨ ਅਤੇ ਪ੍ਰਮੇਸ਼ਵਰ ਨੇ ਜੋ ਅੰਤਰਯਾਮੀ ਹੈ ਜਿਹਾ ਸਾਨੂੰ ਤਿਹਾ ਹੀ ਉਨ੍ਹਾਂ ਨੂੰ ਵੀ ਪਵਿੱਤਰ ਆਤਮਾ ਦੇ ਕੇ ਉਨ੍ਹਾਂ ਉੱਤੇ ਸਾਖੀ ਦਿੱਤੀ'' (ਰਸੂਲਾਂ ਦੇ ਕੰਮ 15:7, 8)। ਪ੍ਰਮੇਸ਼ਵਰ ਦੀ ਪਸੰਦ ਕਰਕੇ ਹੀ ਪਤਰਸ ਪੁੱਛਣ ਲੱਗਾ ਕਿ ਗੈਰ ਕੌਮਾਂ ਨੂੰ ਪਵਿੱਤਰ ਆਤਮਾ ਪਾਉਂਦਿਆਂ ਵੇਖ ਕੇ ''ਕੀ ਕੋਈ ਪਾਣੀ ਨੂੰ ਰੋਕ ਸਕਦਾ ਹੈ ਕਿ ਇਨ੍ਹਾਂ ਨੂੰ ਜਿਨ੍ਹਾਂ ਸਾਡੇ ਵਾਂਗ ਪਵਿੱਤਰ ਆਤਮਾ ਪਾਇਆ ਹੈ ਬਪਤਿਸਮਾ ਨਾ ਦਿੱਤਾ ਜਾਵੇ'' (ਰਸੂਲਾਂ ਦੇ ਕੰਮ 10:47)। ਇਹ ਅਪਵਾਦ ਪਤਰਸ ਲਈ ਲੋੜੀਂਦਾ ਸਬੂਤ ਸੀ ਕਿ ਮਨੁੱਖ ਨੂੰ ਨਹੀਂ ਸਗੋਂ ਪ੍ਰਮੇਸ਼ਵਰ ਨੂੰ ਇਹ ਚੰਗਾ ਲੱਗਾ ਸੀ। ਆਪਣੇ ਨਿਯਮਾਂ ਦੇ ਅਪਵਾਦ ਸਿਰਫ਼ ਪ੍ਰਮੇਸ਼ਵਰ ਹੀ ਬਣਾ ਸਕਦਾ ਹੈ ਅਤੇ ਅਜਿਹੇ ਅਪਵਾਦ ਤੋਂ ਸਾਬਤ ਹੁੰਦਾ ਹੈ ਕਿ ਪ੍ਰਮੇਸ਼ਵਰ ਕੰਮ ਕਰ ਸਕਦਾ ਹੈ।

ਪਤਰਸ ਦੀ ਟਿੱਪਣੀ ਬਾਰੇ ਫ਼੍ਰੈਡਰਿਕ ਡੇਲ ਬਰੂਨਰ ਦੀ ਟਿੱਪਣੀ ਮੁਲਾਂਕਣ ਲਈ ਦੁਹਰਾਉਣੀ ਸਹੀ ਹੈ, ''ਉਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਪਵਿੱਤਰ ਆਤਮਾ ਕੁਰਨੇਲਿਉਸ ਦੇ ਘਰਾਣੇ 'ਤੇ ਉਵੇਂ ਹੀ ਉੱਤਰਿਆ 'ਜਿਸ ਤਰ੍ਹਾਂ ਪਹਿਲਾਂ ਸਾਡੇ ਉੱਤੇ ਉੱਤਰਿਆ ਸੀ' (ਆਇਤ 15)। ਇਹ ਟਿੱਪਣੀ ਮਹੱਤਵਪੂਰਣ ਹੈ। ਪਤਰਸ ਇਹ ਨਹੀਂ ਕਹਿੰਦਾ ਹੈ ਕਿ ਪਵਿੱਤਰ ਆਤਮਾ ਕੁਰਨੇਲਿਉਸ ਦੇ ਘਰਾਣੇ 'ਤੇ ਉਵੇਂ ਹੀ ਉੱਤਰਿਆ 'ਜਿਵੇਂ ਸਾਡੇ ਤੇ ਰੋਜ਼ ਉੱਤਰਦਾ ਰਹਿੰਦਾ ਹੈ।' ''[1]

ਬਰੂਨਰ ਨੇ ਬਾਅਦ ਵਿਚ ਲਿਖਿਆ, ''ਕਲੀਸੀਆ ਵਿਚ ਜਾਰੀ ਰਹਿਣ ਵਾਲੀ ਸਿੱਖਿਆ ਸ਼ਬਦੀ ਅਰਥ ਮੁਤਾਬਕ ਪਵਿੱਤਰ ਆਤਮਾ ਦਾ ਬਪਤਿਸਮਾ ਰਸੂਲਾਂ ਦੀ ਸਿੱਖਿਆ ਨਹੀਂ ਹੈ, ਕਿਉਂਕਿ ਇਹ ਵਾਕਾਂਸ਼ ਸਿਰਫ਼ ਸ਼ੁਰੂਆਤ ਵਿਚ ਯਹੂਦੀਆਂ ਅਤੇ ਗੈਰ ਕੌਮਾਂ ਦੇ ਕਲੀਸੀਆ ਵਿਚ ਮਿਲਾਏ ਜਾਣ ਦੇ ਨਾਜ਼ੁਕ ਮੋੜ ਤੇ ਹੀ ਮਿਲਦਾ ਹੈ।''[2]

ਰਸੂਲਾਂ ਦੇ ਕੰਮ ਕਿਤਾਬ ਵਿਚ ਪਵਿੱਤਰ ਆਤਮਾ ਦੇ ਬਪਤਿਸਮੇ ਦੀਆਂ ਦੋ ਘਟਨਾਵਾਂ ਦਾ ਜ਼ਿਕਰ ਹੈ, ਪਹਿਲਾਂ ਪੈਂਟੀਕਾਸਟ ਵਾਲੇ ਦਿਨ ਰਸੂਲਾਂ ਨੂੰ ਅਤੇ ਫਿਰ ਆਪਣੇ ਪਰਿਵਾਰ ਨਾਲ ਕੁਰਨੇਲਿਉਸ ਅਤੇ ਉਹਦੇ ਗੈਰ ਕੌਮਾਂ ਵਿੱਚੋਂ ਦੋਸਤਾਂ ਨੂੰ। ਪੌਲੁਸ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੋ ਸਕਦਾ ਹੈ। ਉਹਨੇ ਕਿਹਾ ਕਿ ਉਹਨੂੰ ਕਿਸੇ ਆਦਮੀ ਨੇ ਨਹੀਂ ਸਗੋਂ ਮਸੀਹ ਨੇ ਰਸੂਲ ਬਣਾਇਆ ਸੀ (ਗਲਾਤੀਆਂ 1:1)। ਜੇ ਉਹ ਸ਼ਕਤੀ ਜਿਸ ਨਾਲ ਉਹ ਰਸੂਲ ਬਣਿਆ ਕਿਸੇ ਇਨਸਾਨ ਵੱਲੋਂ ਮਿਲੀ ਹੁੰਦੀ ਤਾਂ ਉਹ ਮਨੁੱਖਾਂ ਵੱਲੋਂ ਬਣਾਇਆ ਰਸੂਲ ਹੁੰਦਾ; ਉਹਨੇ ਆਪਣੇ ਰਸੂਲ ਹੋਣ ਦਾ ਕਿਸੇ ਮਨੁੱਖ ਵੱਲੋਂ ਹੋਣ ਦਾ ਇਨਕਾਰ ਕੀਤਾ, ਇਸ ਲਈ

ਮੰਨਣਾ ਪਵੇਗਾ ਕਿ ਖੁਦ ਯਿਸੂ ਨੇ ਉਸ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦੇ ਕੇ ਰਸੂਲ ਹੋਣ ਦੀ ਸ਼ਕਤੀ ਦਿੱਤੀ ਸੀ।

ਗੈਰ ਕੌਮਾਂ ਨੂੰ ਪ੍ਰਮੇਸ਼ਵਰ ਦੀ ਸੰਤਾਣ ਬਣਨ ਤੋਂ ਪਹਿਲਾਂ ਅਤੇ ਰਸੂਲਾਂ ਦੇ ਹੱਥ ਰੱਖਣ ਤੋਂ ਪਹਿਲਾਂ ਪਵਿੱਤਰ ਆਤਮਾ ਦੀ ਸ਼ਕਤੀ ਮਿਲੀ (ਜੋ ਕਿ ਆਮ ਨਿਯਮ ਦਾ ਇਕ ਅਪਵਾਦ ਹੈ); ਪਰ ਇਹ ਇਸ ਗੱਲ ਦਾ ਸੰਕੇਤ ਨਹੀਂ ਹੈ ਕਿ ਬਪਤਿਸਮਾ ਲੈ ਕੇ ਪ੍ਰਮੇਸ਼ਵਰ ਦੀ ਸੰਤਾਨ ਬਣਨ ਤੋਂ ਪਹਿਲਾਂ ਉਨ੍ਹਾਂ ਵਿਚ ਪਵਿੱਤਰ ਆਤਮਾ ਦਾ ਵਾਸ ਸੀ। ਉਨ੍ਹਾਂ ਤੇ ਤੌਬਾ ਕਰਨ, ਬਪਤਿਸਮਾ ਲੈਣ ਅਤੇ ਪਾਪਾਂ ਦੀ ਮਾਫ਼ੀ ਪਾਉਣ ਦੇ ਬਾਅਦ ਪਵਿੱਤਰ ਆਤਮਾ ਦਾ ਦਾਨ ਪਾਉਣ ਦਾ ਆਮ ਨਿਯਮ ਲਾਗੂ ਹੋਵੇਗਾ (ਰਸੂਲਾਂ ਦੇ ਕੰਮ 2:38), ਬਲਕਿ ਉਹ ਰਸੂਲਾਂ ਦੇ ਕੰਮ ਕਿਤਾਬ ਵਿਚ ਮਨਬਦਲੀ ਦੀ ਕਿਸੇ ਵੀ ਘਟਨਾ ਲਈ ਹੋਵੇਗਾ ਜਿਸ ਵਿਚ ਪਵਿੱਤਰ ਆਤਮਾ ਦੇ ਦਾਨ ਦਾ ਜ਼ਿਕਰ ਨਹੀਂ ਹੈ (ਰਸੂਲਾਂ ਦੇ ਕੰਮ 8:35-39; 16:15, 33; 18:8)। ਪਵਿੱਤਰ ਆਤਮਾ ਦੇ ਬਪਤਿਸਮੇ ਦੀਆਂ ਦੋ ਘਟਨਾਵਾਂ ਨੂੰ ਛੱਡ ਕੇ ਪਵਿੱਤਰ ਆਤਮਾ ਦੀ ਸ਼ਕਤੀ ਦੇਣ ਦੀ ਗੱਲ ਰਸੂਲਾਂ ਦੇ ਹੱਥ ਰੱਖਣ ਨਾਲ ਹੀ ਦੱਸੀ ਗਈ ਹੈ (ਰਸੂਲਾਂ ਦੇ ਕੰਮ 8:14-17; 19:5, 6; 2 ਤਿਮੋਥਿਉਸ 1:6)।

## ਪਵਿੱਤਰ ਆਤਮਾ ਅਤੇ ਮਨਬਦਲੀ

ਰਸੂਲਾਂ ਦੇ ਕੰਮ ਕਿਤਾਬ ਸਿੱਧੇ ਤੌਰ ਤੇ ਪਵਿੱਤਰ ਆਤਮਾ ਦੁਆਰਾ ਪਾਪੀ ਨੂੰ ਬਦਲਣ ਲਈ ਨਹੀਂ ਸਗੋਂ ਸੰਦੇਸ਼ ਸੁਣਾਉਣ ਵਾਲੇ ਦੇ ਰਾਹੀਂ ਜਿਹਦੇ ਕੋਲ ਉਸ ਸਮੇਂ ਲਿਖਤ ਵਚਨ ਨਹੀਂ ਸੀ, ਅਤੇ ਉਸ ਨੂੰ ਸੱਚਾਈ ਨਾਲ ਅਗਵਾਈ ਪਾਉਣ ਲਈ ਪਵਿੱਤਰ ਆਤਮਾ ਦੀ ਲੋੜ ਸੀ, ਕੰਮ ਕਰਦਿਆਂ ਵਿਖਾਇਆ ਗਿਆ ਹੈ (ਅਫ਼ਸੀਆਂ 3:3-5)। ਪਾਪ ਦੇ ਵਿਖੇ ਕਾਇਲ ਕਰਨ ਦਾ ਪਵਿੱਤਰ ਆਤਮਾ ਦਾ ਕੰਮ (ਯੂਹੰਨਾ 16:7-11) ਪ੍ਰਮੇਸ਼ਵਰ ਦੇ ਵਚਨ ਦੇ ਰਾਹੀਂ ਹੀ ਕੀਤਾ ਜਾਂਦਾ ਹੀ (ਯੂਹੰਨਾ 6:63; ਰਸੂਲਾਂ ਦੇ ਕੰਮ 2:37; 11:14; 24:25)। ਵਿਸ਼ਵਾਸ ਦੁਆਉਣਾ ਸਿੱਧੇ ਤੌਰ ਤੇ ਪਵਿੱਤਰ ਆਤਮਾ ਦਾ ਨਹੀਂ ਸਗੋਂ ਵਚਨ ਦਾ ਕੰਮ ਹੈ (ਯੂਹੰਨਾ 17:20; ਰਸੂਲਾਂ ਦੇ ਕੰਮ 17:11, 12; ਰੋਮੀਆਂ 10:17)।

ਲੋਕਾਂ ਨੂੰ ਪਵਿੱਤਰ ਆਤਮਾ ਪ੍ਰਮੇਸ਼ਵਰ ਦੀ ਸੰਤਾਨ ਬਣਾਉਣ ਜਾਂ ਉਨ੍ਹਾਂ ਨੂੰ ਵਿਸ਼ਵਾਸ ਅਤੇ ਹੁਕਮ ਮੰਨਣ ਤਕ ਲਿਆਉਣ ਤਕ ਨਹੀਂ ਦਿੱਤਾ ਗਿਆ ਸੀ। ਉਹ ਉਨ੍ਹਾਂ ਨੂੰ ਦਿੱਤਾ ਗਿਆ ਜੋ ਪ੍ਰਮੇਸ਼ਵਰ ਦੇ ਪੁੱਤਰ ਹਨ (ਗਲਾਤੀਆਂ 4:6), ਜੋ ਪ੍ਰਮੇਸ਼ਵਰ ਦੇ ਵਚਨ ਰਾਹੀਂ ਪੈਦਾ ਹੋਏ ਸਨ (1 ਪਤਰਸ 1:23), ਜਿਨ੍ਹਾਂ ਨੇ ਵਿਸ਼ਵਾਸ ਕੀਤਾ ਸੀ (ਯੂਹੰਨਾ 7:39) ਅਤੇ ਜਿਨ੍ਹਾਂ ਨੇ ਹੁਕਮ ਮੰਨਿਆ ਸੀ (ਰਸੂਲਾਂ ਦੇ ਕੰਮ 5:32)।

ਕਈ ਲੋਕ ਆਖਦੇ ਹਨ ਕਿ ਪਵਿੱਤਰ ਆਤਮਾ ਨੂੰ ਕਿਸੇ ਪਾਪੀ ਦਾ ਮਨ ਖੋਲ੍ਹਣ ਲਈ ਆਉਣਾ ਚਾਹੀਦਾ ਹੈ ਤਾਂ ਜੋ ਉਹ ਵਚਨ ਨੂੰ ਕਬੂਲ ਕਰ ਸਕੇ। ਗੈਰ ਕੌਮਾਂ ਨੂੰ ਸਭ ਤੋਂ ਪਹਿਲਾਂ ਮਸੀਹੀ ਬਣਨ ਵਾਲਿਆਂ ਦਾ ਇਹ ਦਾਅਵਾ ਸਪਸ਼ਟ ਤੌਰ ਤੇ ਗਲਤ ਸਾਬਤ ਹੁੰਦਾ ਹੈ। ਉਨ੍ਹਾਂ ਦੇ ਮਨ ਆਤਮਾ ਦੇ ਆਉਣ ਤੋਂ ਪਹਿਲਾਂ ਹੀ ਖੁੱਲ੍ਹੇ ਹੋਏ ਸਨ। ਕਿਉਂਕਿ ਉਨ੍ਹਾਂ ਨੇ ਪਤਰਸ ਨੂੰ ਕਿਹਾ ਸੀ, ''... ਹੁਣ ਅਸੀਂ ਸੱਭੇ ਪ੍ਰਮੇਸ਼ਵਰ ਦੇ ਅੱਗੇ ਹਾਜ਼ਰ ਹਾਂ ਕਿ ਜੋ ਕੁਝ ਪ੍ਰਭੂ ਨੇ ਤੈਨੂੰ ਹੁਕਮ ਕੀਤਾ ਹੈ ਸੋ ਸੁਣੀਏ'' (ਰਸੂਲਾਂ ਦੇ ਕੰਮ 10:33)। ਆਤਮਾ ਦੇ ਸੇਵਕ ਦੇ ਤੌਰ ਤੇ ਵਚਨ ਨਾਲ ਕਿਸੇ ਦਾ ਮਨ ਖੁੱਲ੍ਹ ਸਕਦਾ ਹੈ; ਪਰ ਆਪਣੇ ਮਨ ਵਿਚ ਵਚਨ ਨੂੰ ਆਉਣ ਦੇਣ ਦੀ ਜ਼ਿੰਮੇਵਾਰੀ

ਮਨੁੱਖ ਦੀ ਆਪਣੀ ਹੈ (ਲੂਕਾ 8:15)। ਪਵਿੱਤਰ ਆਤਮਾ ਨੇ ਸੰਦੇਸ਼ ਦੇਣ ਵਾਲੇ ਨੂੰ ਸੰਦੇਸ਼ ਤਾਂ ਦਿੱਤਾ ਪਰ ਗੁਆਚੇ ਹੋਏ ਲੋਕਾਂ ਦੇ ਮਨਾਂ ਵਿਚ ਸਿੱਧੇ ਤੌਰ ਤੇ ਉਨ੍ਹਾਂ ਨੂੰ ਯਕੀਨ ਦੁਆਉਣ ਲਈ ਕੰਮ ਨਹੀਂ ਕੀਤਾ। ਵਿਸ਼ਵਾਸ ਪਵਿੱਤਰ ਆਤਮਾ ਦੇ ਸਿੱਧੇ ਦਖ਼ਲ ਦੇ ਰਾਹੀਂ ਨਹੀਂ ਸਗੋਂ ਸੰਦੇਸ਼ ਨੂੰ ਸੁਣ ਕੇ ਆਉਂਦਾ ਹੈ (ਰੋਮੀਆਂ 10:17)। ਸੰਸਾਰ ਪਵਿੱਤਰ ਆਤਮਾ ਨੂੰ ਗ੍ਰਹਿਣ ਨਹੀਂ ਕਰ ਸਕਦਾ (ਯੂਹੰਨਾ 14:17), ਬਲਕਿ ਉਹ ਉਨ੍ਹਾਂ ਕੋਲ ਹੀ ਆਉਂਦਾ ਹੈ ਜੋ ਵਿਸ਼ਵਾਸ ਕਰਦੇ ਹਨ (ਯੂਹੰਨਾ 7:39) ਅਤੇ ਹੁਕਮ ਮੰਨਦੇ ਹਨ (ਰਸੂਲਾਂ ਦੇ ਕੰਮ 5:32) ਅਤੇ ਪ੍ਰਮੇਸ਼ਵਰ ਦੀ ਸੰਤਾਨ ਹਨ (ਗਲਾਤੀਆਂ 4:6)।

ਬਾਈਬਲ ਵਿਚ ਕਿਤੇ ਵੀ ਭਾਵਨਾਵਾਂ ਨਾਲ ਪਵਿੱਤਰ ਆਤਮਾ ਦੇ ਕੰਮ ਨੂੰ ਨਹੀਂ ਮਿਲਾਇਆ ਗਿਆ। ਪਵਿੱਤਰ ਆਤਮਾ ਦੇ ਕੰਮ ਦੇ ਪ੍ਰਤੀ ਅਜਿਹੀ ਸੋਚ ਦੀ ਮੁਸ਼ਕਲ ਇਹ ਹੈ ਕਿ ਇਹ ਲੋਕਾਂ ਦੀਆਂ ਚੰਚਲ ਭਾਵਨਾਵਾਂ ਤੇ ਅਧਾਰਤ ਹੈ (ਯਿਰਮਿਯਾਹ 17:9) ਜੋ ਬੇਇਤਬਾਰੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ (ਕਹਾਉਤਾਂ 28:26)।

ਕਈ ਲੋਕਾਂ ਨੇ ਬਪਤਿਸਮੇ ਦੀ ਲੋੜ ਨੂੰ ਘੱਟ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਬਪਤਿਸਮਾ ਲੈਣ ਸਮੇਂ ਕੋਈ ਫ਼ਰਕ ਮਹਿਸੂਸ ਨਹੀਂ ਹੋਇਆ, ਜਦ ਕਿ ਬਪਤਿਸਮਾ ਨਾ ਲੈਣ ਵਾਲਿਆਂ ਨੂੰ ਬਪਤਿਸਮੇ ਦੇ ਬਿਨਾਂ ਹੀ ਲੱਗਾ ਕਿ ਉਹ ਬਚਾਏ ਗਏ ਹਨ। ਬਪਤਿਸਮਾ ਕਿਸੇ ਵੀ ਤਰ੍ਹਾਂ ਦੀ ਕੰਬਣੀ ਦਾ ਨਹੀਂ ਸਗੋਂ ਅਨੰਦ ਦਾ ਕਾਰਣ ਬਣਦਾ ਹੈ (ਰਸੂਲਾਂ ਦੇ ਕੰਮ 8:39; 16:33, 34)। ਇਹ ਅਨੰਦ ਯਿਸੂ ਵਿਚ ਇਸ ਵਿਸ਼ਵਾਸ ਨਾਲ ਆਉਂਦਾ ਹੈ ਕਿ ਉਹਦੇ ਪਾਪ ਮਾਫ਼ ਹੋ ਗਏ ਹਨ।

ਭਾਵਨਾਵਾਂ ਅਤੇ ਬਪਤਿਸਮੇ ਦੀ ਤੁਲਨਾ ਨਿਕਾਹ ਨਾਲ ਕੀਤੀ ਜਾਣੀ ਜ਼ਰੂਰੀ ਹੈ। ਨਿਕਾਹ ਤੋਂ ਪਹਿਲਾਂ, ਉਸ ਦੌਰਾਨ ਜਾਂ ਬਾਅਦ ਦੀਆਂ ਭਾਵਨਾਵਾਂ ਨਾਲ ਵਿਆਹ ਦਾ ਜੋੜ ਨਹੀਂ ਬੱਝਦਾ। ਸਿਰਫ਼ ਵਿਆਹ ਦੀ ਰਸਮ ਹੀ ਲਾੜੇ ਅਤੇ ਲਾੜੀ ਦੀਆਂ ਭਾਵਨਾਵਾਂ ਨੂੰ ਇਕ ਦੂਜੇ ਨਾਲ ਮਿਲ ਸਕਦੀ ਹੈ, ਬੇਸ਼ਕ ਇਹੀ ਉਨ੍ਹਾਂ ਦੇ ਅਨੰਦ ਦਾ ਕਾਰਣ ਹੋ ਸਕਦਾ ਹੈ। ਨਿਕਾਹ ਜਾਂ ਵਿਆਹ ਦੀ ਰਸਮ ਪੂਰੀ ਹੋਣ ਤੇ ਹੀ ਵਿਆਹ ਜਾਇਜ਼ ਠਹਿਰਦਾ ਹੈ ਨਾ ਕਿ ਖ਼ਾਸ ਤਰ੍ਹਾਂ ਦੀਆਂ ਭਾਵਨਾਵਾਂ ਨਾਲ।

ਇਸੇ ਤਰ੍ਹਾਂ, ਬਪਤਿਸਮੇ ਨਾਲ ਅਨੰਦ ਮਿਲਦਾ ਹੈ, ਪਰ ਬਾਈਬਲ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਗਿਆ ਕਿ ਪਵਿੱਤਰ ਆਤਮਾ ਕਿਸੇ ਨੂੰ ਬਚਾਏ ਜਾਣ ਦਾ ਅਹਿਸਾਸ ਕਰਾਉਂਦਾ ਹੈ। ਬਚਾਇਆ ਜਾਣਾ ਦਿਲੋਂ (ਰੋਮੀਆਂ 6:17, 18) ਹੁਕਮ ਮੰਨਣ ਨਾਲ ਹੁੰਦਾ ਹੈ (ਇਬਰਾਨੀਆਂ 5:9) ਨਾ ਕਿ ਮਨ ਤੇ ਪਵਿੱਤਰ ਆਤਮਾ ਦੇ ਸਿੱਧੇ ਕਾਰਜ ਨਾਲ।

## ਸਾਰ

ਪਵਿੱਤਰ ਆਤਮਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਜੋ ਵਿਸ਼ਵਾਸੀ ਹੋਣ ਅਤੇ ਆਗਿਆਕਾਰ ਹੋਣ ਯਾਨੀ ਉਹ ਪ੍ਰਮੇਸ਼ਵਰ ਦੀ ਸੰਤਾਨ ਬਣ ਚੁੱਕੇ ਹੋਣ। ਉਹ ਗੁਆਚੇ ਹੋਇਆ ਨੂੰ ਪ੍ਰਮੇਸ਼ਵਰ ਦੀ ਸੰਤਾਨ ਬਣਨ ਲਈ ਨਹੀਂ ਦਿੱਤਾ ਜਾਂਦਾ। ਉਹ ਉਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਜਿਸ ਦੇ ਵਿਸ਼ਵਾਸ ਨੇ ਉਸ ਨੂੰ ਆਪਣੀ ਜ਼ਿੰਦਗੀ ਸੁਧਾਰਨ ਅਤੇ ਪਾਪ ਧੋਣ ਲਈ ਬਪਤਿਸਮੇ ਵਿਚ ਦਫ਼ਨਾਏ ਜਾ ਕੇ ਯਿਸੂ ਅੱਗੇ ਸਮਰਪਣ ਕਰਕੇ ਮੋੜ ਦਿੱਤਾ ਹੈ।

ਨੇਕਨੀਅਤ ਅਤੇ ਸ਼ੁੱਧ ਮਨ ਵਾਲੇ ਗੁਆਚੇ ਹੋਏ ਲੋਕਾਂ ਤਕ ਵਚਨ ਦੇ ਰਾਹੀਂ ਹੀ ਪਹੁੰਚਿਆ

ਜਾਂਦਾ ਹੈ (ਲੂਕਾ 8:15), ਪਰ ਜਿਨ੍ਹਾਂ ਦੇ ਮਨ ਬੰਦ ਹਨ, ਉਹ ਵਚਨ ਨੂੰ ਨਕਾਰ ਦਿੰਦੇ ਹਨ (ਮੱਤੀ 13:15)। ਪਵਿੱਤਰ ਆਤਮਾ ਕਿਸੇ ਪਾਪੀ ਦਾ ਮਨ ਖੋਲ੍ਹਣ ਲਈ ਸਿੱਧੇ ਤੌਰ ਤੇ ਕੰਮ ਨਹੀਂ ਕਰਦਾ; ਇਹਦੇ ਉਲਟ ਉਹ ਉਸ ਮਨ ਵਿਚ ਜਾਂਦਾ ਹੈ ਜਿਹੜਾ ਵਚਨ ਦੇ ਰਾਹੀਂ ਖੁੱਲ੍ਹਾ ਹੈ ਅਤੇ ਪ੍ਰਮੇਸ਼ਵਰ ਦੀ ਗੱਲ ਨੂੰ ਮੰਨ ਕੇ ਸ਼ੁੱਧ ਹੋ ਚੁਕਿਆ ਹੈ (1 ਪਤਰਸ 1:22; ਰਸੂਲਾਂ ਦੇ ਕੰਮ 2:38)।

---

ਟਿੱਪਣੀਆਂ

[1]ਫ੍ਰੈਡਰਿਕ ਡੇਲ ਬਰੂਨਰ, *ਏ ਥਿਓਲੋਜੀ ਆਫ਼ ਦ ਹੋਲੀ ਸਪਿਰਿਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1970), 194. [2]ਉਹੀ., 195.